**ਆਓ ਚਲਿਏ ਦੀਵੇ ਬਣ ਕੇ**

ਆਓ ਚਲਿਏ ਦੀਵੇ ਬਣ ਕੇ
ਜਿਥੇ ਕੀਤੇ ਹਨੇਰਾ
ਚਾਨਣ ਸਭ ਦਾ ਸਾਂਝਾ ਹੁੰਦਾ
ਨਾਂ ਤੇਰਾ ਨਾਂ ਮੇਰਾ

ਆਓ ਆਪਾਂ ਓਥੇ ਚਲਿਏ
ਜਿਥੇ ਸਾਡੀ ਲੋੜ
ਉਂਝ ਤਾਂ ਸਾਨੂੰ ਬਹੁਤ ਠਿਕਾਣੇ
ਯਾਰਾਂ ਦੀ ਨਹੀਂ ਥੋੜ

ਆਪਾਂ ਨਹੀਂ ਪਰਵਾਨਾ ਬਣ ਕੇ
ਸ਼ਮਾਂ ਦੇ ਕੋਲੇ ਜਾਣਾ
ਨਾਂ ਪਰਾਈ ਅਗ ਚ ਸੜਨਾਂ
ਨਾਂ ਝੁਲਸ ਕੇ ਆਣਾ

ਆਓ ਚਲਿਏ ਦੀਵਾ ਬਣ ਕੇ
ਜਿਥੇ ਕੀਤੇ ਹਨੇਰਾ
ਚਾਨਣ ਸਭ ਦਾ ਸਾਂਝਾ ਹੁੰਦਾ
ਨਾਂ ਤੇਰਾ ਨਾਂ ਮੇਰਾ

ਜਿਦਾਂ ਬਦਲਾਂ ਵਿਚੋਂ ਕਿਧਰੇ
ਬਿਜਲੀ ਝਾਤੀ ਮਾਰੇ
ਮਸਿਆ ਵਾਲੀ ਰਾਤ ਨੂੰ ਜਿਦਾਂ
ਚਮਕਣ ਕੋਈ ਸਿਤਾਰੇ

ਪਰਦੇ  ਪਿਛੋਂ ਝਾਤੀ ਮਾਰੇ
ਜਿਦਾਂ ਕੋਈ ਨਿਆਣਾ
ਆਖੇ ਜਦ ਤਕ ਨਾਮ ਨਾਂ ਬੁਝੋ
ਮੈਂ ਅੰਦਰ ਨਹੀਂ ਆਣਾ

ਜਿਥੇ ਜਾ ਕੇ ਚੰਗਾ ਲਗੇ
ਵਾਂਗ ਫਕੀਰਾਂ ਗਾਣਾ
ਜਿਥੇ ਸਾਡੀ ਝੋਲੀ ਦੇ ਵਿਚ
ਚੰਨ ਵੀ ਚਾਹੇ ਆਣਾ

ਝੋਲੀ ਦੇ ਵਿਚ ਚੰਨ ਬਿਠਾ ਕੇ
ਉੜੀ ਉੜੀ ਜਾਈਏ
ਝੂਮਰ ਪੌਂਦੇ ਪੌਂਦੇ ਵਾਪਸ
ਧਰਤੀ ਉੱਤੇ ਆਈਏ

ਆਓ  ਚਲਿਏ   ਦੀਵਾ ਬਣ ਕੇ
ਜਿਥੇ ਕੀਤੇ ਹਨੇਰਾ
ਚਾਨਣ ਸਭ ਦਾ ਸਾਂਝਾ ਹੁੰਦਾ
ਨਾਂ ਤੇਰਾ ਨਾਂ ਮੇਰਾ